## ਮਿਤੀ 26-11-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ:230<br>ਮਿਤੀ:26-11-22<br>ਜੁਰਮ:61-1-14, 78 ਐਕਸਾਇਜ ਐਕਟ<br>ਥਾਣਾ ਫੇਸ-1 | ਮੁ:ਸਿ:ਗੁਲਾਬ ਸਿੰਘ 333/ ਐਸ ਏ ਐਸ ਨਗਰ<br>96464-41497 | ਰਣਜੀਤ ਸਿੰਘ ਪੁੱਤਰ ਕੇਵਲ ਸਿੰਘ ਵਾਸੀ ਮਕਾਨ ਨੰ:185, ਸੈਕ:22/ਸੀ, ਸੰਗਤਪੁਰਾ ਮੁਹੱਲਾ, ਮੰਡੀ ਗੋਬਿੰਦਗੜ੍ਹ, ਜਿਲ੍ਹਾ ਫਤਿਹਗੜ੍ਹ ਸਾਹਿਬ | ਅੱਜ ਮਨ ਮੁ:ਸਿ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੀ ਟੀ ਐਲ ਚੌਂਕ ਫੇਸ-5, ਮੋਹਾਲੀ ਵਿਖੇ ਮੌਜੂਦ ਸੀ। ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤ ਦੋਸ਼ੀ ਸ਼ਰਾਬ ਵੇਚਣ ਦਾ ਆਦੀ ਹੈ। ਜੋ ਚੰਡੀਗੜ੍ਹ ਤੋ ਸਸਤੀ ਸ਼ਰਾਬ ਲਿਆ ਕੇ ਪੰਜਾਬ ਵਿੱਚ ਮਹਿੰਗੇ ਭਾਅ ਵੇਚਦਾ ਹੈ। ਉਕਤ ਦੋਸ਼ੀ ਅੱਜ ਵੀ ਆਪਣੀ ਕਾਰ ਨੰ:ਸੀ ਐਚ-01ਬੀਡਬਲਯੂ-2650 ਮਾਰਕਾ ਟਾਟਾ ਇੰਡੀਗੋ ਵਿੱਚ ਚੰਡੀਗੜ੍ਹ ਤੋ ਸ਼ਰਾਬ ਲੈ ਕੇ ਮੋਹਾਲੀ ਵੱਲ ਨੂੰ ਆ ਰਿਹਾ ਹੈ। ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਜਾ ਸਕਦਾ ਹੈ। ਤਰੁੰਤ ਨਾਕਾਬੰਦੀ ਕਰਕੇ ਉਕਤ ਦੋਸ਼ੀ ਨੂੰ ਮੌਕੇ ਤੇ ਕਾਬੂ ਕੀਤਾ ਗਿਆ। ਜਿਸ ਦੀ ਕਾਰ ਵਿੱਚੋ 168 ਬੋਤਲਾਂ (14 ਪੇਟੀਆ) ਸ਼ਰਾਬ ਮਾਰਕਾ ਟ੍ਰਿਪਲ ਨਾਈਨ ਵਿਸਕੀ ਫਾਰ ਸੇਲ ਇੰਨ ਚੰਡੀਗੜ੍ਹ ਬਰਾਮਦ ਹੋਈਆ। ਜਿਹਨਾਂ ਸਬੰਧੀ ਉਕਤ ਦੋਸ਼ੀ ਕੋਈ ਵੀ ਲਾਈਸੈਂਸ ਤੇ ਪਰਮਿਟ ਪੇਸ਼ ਨਹੀ ਕਰ ਸਕਿਆ। ਜਿਸ ਨੂੰ ਮੌਕੇ ਤੇ ਕਾਬੂ ਕੀਤਾ ਗਿਆ। |
| 2 | ਮੁਕੱਦਮਾ ਨੰ:231<br>ਮਿਤੀ:26-11-22<br>ਜੁਰਮ:406,420,120ਬੀ, ਆਈ.ਪੀ.ਸੀ ਤੇ 13, ਦੀ ਪੰਜਾਬ ਟ੍ਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2014<br>ਥਾਣਾ ਫੇਸ-1 | ਆਸ਼ਿਆ ਲਾਲ ਪਤਨੀ ਅਕਾਸ਼ ਵਾਸੀ ਮਕਾਨ ਨੰ:514, ਮਿਸ਼ਨ ਫਾਰਮ, ਚੰਡੀਗੜ੍ਹ ਰੋਡ, ਖਰੜ<br>ਉਮਰ 31 ਸਾਲ | 1) ਦਵਿੰਦਰ ਸਿੰਘ ਗਿੱਲ<br>2) ਸੋਨਮ ਆਨੰਦ<br>3) ਰਵਨੀਤ ਸਿੰਘ ਵਾਸੀਆਨ ਸਕੂਲ ਆਫ ਇੰਟਰਨੈਸ਼ਨਲ ਸਟੱਡੀਸ, ਪਲਾਟ ਨੰ:ਡੀ-6, ਇੰਡ:ਏਰੀਆ, ਫੇਸ-1, ਮੋਹਾਲੀ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 06/ਪੀ ਜੀ ਓ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 01-01-22 ਨੂੰ ਦਿੱਤੀ ਸੀ ਤੇ ਦੂਜੀ ਦਰਖਾਸਤ ਨੰਬਰੀ 1352/ਪੇਸ਼ੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 07-06-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਉਕਤਾਨ ਦੋਸ਼ੀਆਨ ਨੇ ਮੇਰੇ ਨਾਲ ਵਿਦੇਸ਼ ਭੇਜਣ ਦੇ ਨਾਮ ਪਰ ਸਬੰਧੀ ਠੱਗੀ ਮਾਰੀ ਹੈ। ਜਿਸ ਦੀ ਪੜਤਾਲ ਐਸ ਪੀ (ਸਿਟੀ) ਸਾਹਿਬ ਵੱਲੋ ਕੀਤੀ ਗਈ। ਫਿਰ ਡੀ ਡੀ ਏ ਲੀਗਲ ਦੀ ਰਾਇ ਹਾਸਲ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 3 | ਮੁਕੱਦਮਾ ਨੰ:498<br>ਮਿਤੀ:26-11-22<br>ਜੁਰਮ:380,454, ਆਈ.ਪੀ.ਸੀ<br>ਥਾਣਾ ਸੋਹਾਣਾਂ | ਮਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਮਕਾਨ ਨੰ:119, ਨੇੜੇ ਗੌਰਮਿੰਟ ਸਕੂਲ ਪਿੰਡ ਬੈਰਮਪੁਰ, ਸੈਕ:110, ਥਾਣਾ ਸੋਹਾਣਾਂ ਉਮਰ 47 ਸਾਲ<br>83603-77179 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 24-11-22 ਨੂੰ ਵਕਤ ਕਰੀਬ 12:15 ਪੀ ਐਮ ਦਾ ਹੋਵੇਗਾ ਮੈ ਆਪਣੇ ਮਕਾਨ ਨੂੰ ਤਾਲੇ ਲੱਗਾ ਕੇ ਆਪਣੇ ਨਿੱਜੀ ਕੰਮ ਲਈ ਮੋਹਾਲੀ ਨੂੰ ਗਿਆ ਸੀ। ਜਦੋ ਮੈ ਵਕਤ 01:15 ਪੀ ਐਮ ਪਰ ਵਾਪਸ ਆ ਕੇ ਦੇਖਿਆ ਤਾਂ ਮੇਰੇ ਮਕਾਨ ਦੇ ਤਾਲੇ ਟੁੱਟੇ ਹੋਏ ਸਨ ਤੇ ਘਰ ਅੰਦਰ ਦਾ ਸਮਾਨ ਖਿੱਲਰਿਆ ਪਿਆ ਸੀ। ਜਦ ਮੈ ਆਪਣੇ ਘਰ ਦਾ ਸਮਾਨ ਚੈਕ ਕੀਤਾ ਤਾਂ ਮੇਰੇ ਘਰ ਵਿੱਚੋ ਸੋਨੇ ਦੇ ਗਹਿਣੇ (25-35 ਤੋਲੇ) ਤੇ 01 ਲੱਖ ਰੁਪਇਆ ਕੈਸ਼ ਗਾਇਬ ਸੀ। ਜਿਹਨਾਂ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਉਹ ਨਹੀ ਮਿਲਿਆ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 4 | ਮੁਕੱਦਮਾ ਨੰ:499<br>ਮਿਤੀ:26-11-22<br>ਜੁਰਮ:406,420, ਆਈ.ਪੀ.ਸੀ<br>ਥਾਣਾ ਸੋਹਾਣਾਂ | ਰਵੀ ਗੋਇਲ ਪੁੱਤਰ ਸ਼੍ਰੀ ਤਿਲਕ ਰਾਜ ਗੋਇਲ ਵਾਸੀ ਮਕਾਨ ਨੰ:3180, ਸੈਕ:28/ਡੀ, ਚੰਡੀਗੜ੍ਹ<br>ਉਮਰ 35 ਸਾਲ<br>98150-80209 | 1) ਅਮਿਤ ਬੰਸਲ ਪੁੱਤਰ ਸੁਭਾਸ਼ ਚੰਦਰ<br>2) ਦਮਨਜੀਤ ਕੌਰ ਪਤਨੀ ਅਮਿਤ ਬੰਸਲ ਵਾਸੀਆਨ ਮਕਾਨ ਨੰ:141, ਸੈਕ:28/ਏ, ਚੰਡੀਗੜ੍ਹ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈ ਉਕਤਾਨ ਦੋਸ਼ੀਆਨ ਨਾਲ ਸੈਕ:82, ਮੋਹਾਲੀ ਵਿਖੇ ਇਕ ਪਲਾਟ ਦਾ ਸੌਦਾ ਕੀਤਾ ਸੀ। ਜਿਹਨਾਂ ਨੂੰ ਪਹਿਲਾ ਹੀ 50 ਲੱਖ ਰੁਪਏ ਦੇ ਦਿੱਤੇ ਸਨ ਤੇ ਬਾਕੀ ਦਾ ਪੈਸੇ ਰਜਿਸਟਰੀ ਹੋਣ ਤੋ ਬਾਅਦ ਦੇਣੇ ਸਨ। ਬਾਅਦ ਉਕਤਾਨ ਦੋਸ਼ੀਆਨ ਨਾ ਹੀ ਪਲਾਟ ਦੀ ਰਜਿਸਟਰੀ ਮੇਰੇ ਨਾ ਕਰਵਾਈ ਤੇ ਨਾ ਹੀ ਮੇਰੇ ਪੈਸੇ ਵਾਪਸ ਕੀਤੇ। ਇਸ ਤਰ੍ਹਾ ਉਕਤਾਨ ਦੋਸ਼ੀਆਨ ਰੱਲ ਕੇ ਮੇਰੇ ਨਾਲ 50 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਿਸ ਦੀ ਪੜਤਾਲ ਐਸ ਪੀ (ਤਫਤੀਸ਼ੀ) ਸਾਹਿਬ ਵੱਲੋ ਕੀਤੀ ਗਈ ਤੇ ਬਾਅਦ ਵਿੱਚ ਉਕਤਾਨ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |
| 5 | ਮੁਕੱਦਮਾ ਨੰ:343<br>ਮਿਤੀ:26-11-22<br>ਜੁਰਮ:379ਬੀ, ਆਈ.ਪੀ.ਸੀ<br>ਥਾਣਾ ਸਿਟੀ ਖਰੜ | ਸ਼ਾਹ ਜਾਹਾਂ ਪਤਨੀ ਮੁਸਤਾਕ ਅਹਿਮਦ ਵਾਸੀ ਮਕਾਨ ਨੰ:12/ਬੀ, ਫੈਲਜ ਹੋਮ (ਮਾਡਲ ਟਾਊਨ) ਖਰੜ, ਥਾਣਾ ਸਿਟੀ ਖਰੜ ਉਮਰ 65 ਸਾਲ<br>99535-94472 | 01, ਨਾ-ਮਾਲੂਮ ਮੋਟਰ ਸਾਈਕਲ ਸਵਾਰ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਅੱਜ ਵਕਤ ਕਰੀਬ 01:30 ਪੀ ਐਮ ਦਾ ਹੋਵੇਗਾ ਮੈ ਆਪਣੀ ਉਕਤ ਕਲੋਨੀ ਦੇ ਨੇੜੇ ਲੱਗੇ ਬੈਰੀਗੇਟਾ ਪਾਸ ਖੜ੍ਹੀ ਸੀ। ਤਾਂ ਪਿੱਛੋ ਇਕ ਨਾ-ਮਾਲੂਮ ਮੋਟਰ ਸਾਈਕਲ ਸਵਾਰ ਆਇਆ ਤੇ ਮੇਰੇ ਗਲੇ ਵਿੱਚ ਪਾਈ ਹੋਈ ਸੋਨੇ ਦੀ ਚੈਨ ਝਪਟ ਮਾਰ ਕੇ ਤੋੜ ਕੇ ਲੈ ਗਿਆ। ਮੈ ਕਾਫੀ ਘਬਰਾ ਗਈ ਤੇ ਉਸ ਦੇ ਮੋਟਰ ਸਾਈਕਲ ਦਾ ਨੰਬਰ ਨਹੀ ਪੜ੍ਹ ਸਕੀ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਮੋਟਰ ਸਾਈਕਲ ਸਵਾਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 6 | ਮੁਕੱਦਮਾ ਨੰ:125<br>ਮਿਤੀ:26-11-22<br>ਜੁਰਮ:279,304ਏ,<br>427,ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਪਵਨ ਕੁਮਾਰ ਪੁੱਤਰ ਚੰਦਰ ਭਾਨ ਵਾਸੀ ਪਿੰਡ ਝੀਲ, ਜਿਲ੍ਹਾ ਜੀਂਦ, ਹਰਿਆਣਾ<br>ਉਮਰ 30 ਸਾਲ<br>97797-75810 | ਨੀਰਜ ਗੁਲਾਟੀ ਪੁੱਤਰ ਅਸ਼ੋਕ ਗੁਲਾਟੀ ਵਾਸੀ ਮਕਾਨ ਨੰ: 2054, ਸਾਈਟ ਐਂਡ ਸਰਵਿਸ ਕੰਪਲੈਕਸ, ਡੱਡੂ ਮਾਜਰਾ, ਚੰਡੀਗੜ੍ਹ ਡਰਾਈਵਰ ਕਾਰ ਨੰ:ਸੀ ਐਚ-01ਬੀਕੇ-7836 ਰੰਗ ਚਿੱਟਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਸੁਖਵੀਰ ਮੁੱਲਾਂਪੁਰ ਗਰੀਬਦਾਸ ਵਿਖੇ ਏਅਰ ਫੋਰਸ ਸਟੇਸ਼ਨ ਦੇ ਨੇੜੇ ਪੈਟਰੋਲ ਪੰਪ ਤੇ ਕੰਮ ਕਰਦਾ ਸੀ ਤੇ ਮੁੱਲਾਂਪੁਰ ਵਿਖੇ ਹੀ ਰਹਿੰਦਾ ਸੀ। ਕੱਲ ਮਿਤੀ 25-11-22 ਨੂੰ ਮੈ ਤੇ ਮੇਰੇ ਤਾਏ ਦਾ ਲੜਕਾ ਸੰਦੀਪ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਝੀਲ, ਜਿਲ੍ਹਾ ਜੀਂਦ, ਹਰਿਆਣਾ ਸੁਖਵੀਰ ਨੂੰ ਮਿੱਲਣ ਲਈ ਮੁੱਲਾਂਪੁਰ ਵਿਖੇ ਆਏ ਸਨ। ਜਦੋ ਰਾਤ ਨੂੰ ਅਸੀ ਸੁਖਵੀਰ ਦੇ ਕਮਰੇ ਵਿੱਚ ਜਾਣ ਲੱਗੇ ਤਾਂ ਵਕਤ ਕਰੀਬ 08:00 ਪੀ ਐਮ ਦਾ ਹੋਵੇਗਾ ਸੁਖਵੀਰ ਆਪਣੇ ਮੋਟਰ ਸਾਈਕਲ ਨੰ:ਸੀ ਐਚ-03ਕਿਊ-7263 ਮਾਰਕਾ ਹੀਰੋ ਹੌਂਡਾ ਰੰਗ ਸਿਲਵਰ ਬਲੈਕ ਤੇ ਜਾ ਰਿਹਾ ਸੀ ਤੇ ਆਪਣੀ ਐਕਟਿਵਾ ਪਰ ਸਵਾਰ ਹੋ ਕੇ ਜਾ ਰਹੇ ਸਨ। ਜਦੋ ਅਸੀ ਪਿੰਡ ਮੁੱਲਾਂਪੁਰ ਗਰੀਬਦਾਸ ਵੱਲ ਨੂੰ ਜਾਂਦੀ ਸੜਕ ਕੋਲ ਪੁੱਜੇ ਤਾਂ ਸਾਹਮਣੇ ਤੋ ਉਕਤ ਨੰਬਰੀ ਕਾਰ ਆਈ ਜਿਸ ਦੇ ਉਕਤ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਭਰਾ ਸੁਖਵੀਰ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਭਰਾ ਦੇ ਕਾਫੀ ਸੱਟਾਂ ਲੱਗੀਆ ਤੇ ਉਸ ਦੇ ਮੋਟਰ ਸਾਈਕਲ ਦਾ ਵੀ ਕਾਫੀ ਨੁਕਸਾਨ ਹੋਇਆ। ਅਸੀ ਸੁਖਵੀਰ ਨੂੰ ਇਲਾਜ ਲਈ ਸਿਵਲ ਹਸਪਤਾਲ ਖਰੜ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਕਾਰ ਦੇ ਉਕਤ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 7 | ਮੁਕੱਦਮਾ ਨੰ:126<br>ਮਿਤੀ:26-11-22<br>ਜੁਰਮ:420,465,467,<br>468,471,120ਬੀ,<br>ਆਈ.ਪੀ.ਸੀ<br>ਥਾਣਾ ਮੁੱਲਾਂਪੁਰ | ਅੰਕਿਤ ਸਿਧਾਨਾ ਮੈਨੇਜਿੰਗ ਡਾਇਰੈਕਟਰ ਐਮ/ਐਸ ਦੀ ਐਡਰੈਸ ਇੰਨਫਰਾਸਟਰੱਕਚਰ ਪ੍ਰਾਈਵੇਟ ਲਿਮ:ਪਿੰਡ ਤੋਗਾਂ, ਮੁੱਲਾਂਪੁਰ<br>ਉਮਰ 34 ਸਾਲ | 1) ਇੰਦਰਪ੍ਰੀਤ ਸਿੰਘ ਮੰਨਚੰਦਾ ਪੁੱਤਰ ਸੁਰਿੰਦਰ ਸਿੰਘ<br>2) ਪਰਮਜੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀਆਨ ਫਲੈਟ ਨੰ:306, ਸਵਿੱਤਰੀ ਗ੍ਰੀਨ, ਟਾਵਰ ਨੰ:14, ਵੀ ਆਈ ਪੀ ਰੋਡ, ਜੀਰਕਪੁਰ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 10732/ਐਸ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 04-11-22 ਨੂੰ ਦਿੱਤੀ ਸੀ। ਜਿਸ ਵਿੱਚ ਮੁਦੱਈ ਮੁਕੱਦਮਾ ਨੇ ਦੱਸਿਆ ਕਿ ਉਕਤ ਦੋਸ਼ੀ ਪਹਿਲਾ ਸਾਡੀ ਉਕਤ ਕੰਪਨੀ ਵਿੱਚ ਬਤੌਰ ਸੇਲ ਮੈਨੇਜਰ ਕੰਮ ਕਰਦਾ ਸੀ। ਇਹ ਜੁਲਾਈ 2022 ਵਿੱਚ ਕੰਪਨੀ ਵਿੱਚੋ ਕੰਮ ਛੱਡ ਕੇ ਚੱਲਾ ਗਿਆ। ਬਾਅਦ ਵਿੱਚ ਸਾਨੂੰ ਪਤਾ ਲੱਗਾ ਕਿ ਉਸ ਨੇ ਆਪਣੀ ਮਾਤਾ ਪਰਮਜੀਤ ਕੌਰ ਨਾਲ ਮਿਲ ਕੇ ਲੋਕਾ ਨੂੰ ਕੰਪਨੀ ਦੇ ਗਲਤ ਪਲਾਟ ਦਿਖਾ ਕੇ ਆਮ ਲੋਕਾ ਨਾਲ ਕਰੋੜਾ ਰੁਪਏ ਦੀ ਠੱਗੀ ਮਾਰੀ ਹੈ। ਜਿਸ ਦੀ ਪੜਤਾਲ ਡੀ ਐਸ ਪੀ, ਖਰੜ-2 (ਮੁੱਲਾਂਪੁਰ) ਸਾਹਿਬ ਵੱਲੋ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 8 | ਮੁਕੱਦਮਾ ਨੰ:117<br>ਮਿਤੀ:26-11-22<br>ਜੁਰਮ:279,304ਏ,<br>427,ਆਈ.ਪੀ.ਸੀ<br>ਥਾਣਾ ਢਕੋਲੀ | ਦੀਪਕ ਸੱਚਦੇਵਾ ਪੁੱਤਰ ਸੁਭਾਸ਼ ਚੰਦ ਸੱਚਦੇਵਾ ਵਾਸੀ ਮਕਾਨ ਨੰ: 141, ਗਰਾਊਂਡ ਫਲੌਰ, ਵਿਧਾਵਾ ਨਗਰ, ਬਲਟਾਣਾ, ਥਾਣਾ ਜੀਰਕਪੁਰ<br>ਉਮਰ 47 ਸਾਲ<br>83608-35003 | ਬਲਵਿੰਦਰ ਸਿੰਘ ਪੁੱਤਰ ਸ਼੍ਰੀ ਹੰਸਾ ਸਿੰਘ ਹਾਲ ਵਾਸੀ ਮਕਾਨ ਨੰ:24, ਸੈਕਿੰਡ ਫਲੌਰ, ਪ੍ਰਸ਼ਾਂਤ ਵਿਹਾਰ, ਬਲਟਾਣਾਂ ਡਰਾਈਵਰ ਕਾਰ ਨੰ:ਡੀ ਐਲ-12ਸੀ-1748 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਅਮਿਤ ਸੱਚਦੇਵਾ ਮੇਰੇ ਕੋਲ ਹੀ ਰਹਿੰਦਾ ਸੀ ਤੇ ਉਹ ਪਾਇਨ ਹੋਮ ਸੁਸਾਇਟੀ ਢਕੋਲੀ ਵਿਖੇ ਸਕਿਊਰਟੀ ਗਾਰਡ ਦੀ ਨੌਕਰੀ ਕਰਦਾ ਸੀ। ਕੱਲ ਮਿਤੀ 25-11-22 ਨੂੰ ਵਕਤ ਕਰੀਬ 08:40 ਪੀ ਐਮ ਦਾ ਹੋਵੇਗਾ ਉਹ ਆਪਣੀ ਡਿਊਟੀ ਤੋ ਛੁੱਟੀ ਕਰਕੇ ਆਪਣੇ ਸਾਈਕਲ ਪਰ ਸਵਾਰ ਹੋ ਕੇ ਘਰ ਨੂੰ ਆ ਰਿਹਾ ਸੀ। ਜਦੋ ਉਹ ਸਿਟੀ ਕੋਰਟ ਢਕੋਲੀ ਦੇ ਸਾਹਮਣੇ ਪੁੱਜਿਆ ਤਾਂ ਪੰਚਕੂਲਾਂ ਸਾਈਡ ਤੋ ਉਕਤ ਨੰਬਰੀ ਕਾਰ ਆ ਰਹੀ ਸੀ। ਜਿਸ ਦ ਉਕਤ ਡਰਾਈਵਰ ਨੇ ਆਪਣੀ ਕਾਰ ਨੂੰ ਬੜ੍ਹੀ ਤੇਜ ਰਫਤਾਰੀ ਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਭਰਾ ਦੇ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਭਰਾ ਅਮਿਤ ਸੱਚਦੇਵਾ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਰਾਹਗੀਰਾਂ ਨੇ ਇਲਾਜ ਲਈ ਸਿਵਲ ਹਸਪਤਾਲ ਢਕੋਲੀ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਕਾਰ ਦੇ ਉਕਤ ਡਰਾਇਵੀਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 9 | ਮੁਕੱਦਮਾ ਨੰ:371<br>ਮਿਤੀ:26-11-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਡੇਰਾਬੱਸੀ | ਨਿਰਮੈਲ ਸਿੰਘ ਪੁੱਤਰ ਲੇਟ ਲਾਭ ਸਿੰਘ ਵਾਸੀ ਪਿੰਡ ਬਰੋਲੇ, ਥਾਣਾ ਡੇਰਾਬੱਸੀ<br>ਉਮਰ 48 ਸਾਲ<br>78792-24121 | ਨਾ-ਮਾਲੂਮ ਡਰਾਈਵਰ ਤੇ ਵਹੀਕਲ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰਾ ਛੋਟਾ ਭਰਾ ਅਮਰੀਕ ਸਿੰਘ ਜਿਸ ਦੀ ਉਮਰ ਕਰੀਬ 48 ਸਾਲ ਸੀ ਜੋ ਦਿਹਾੜੀ ਮਜਦੂਰੀ ਦਾ ਕੰਮ ਕਰਦਾ ਸੀ। ਮਿਤੀ 25-11-22 ਨੂੰ ਵਕਤ ਕਰੀਬ 07:00 ਪੀ ਐਮ ਦਾ ਹੋਵੇਗਾ ਉਹ ਆਪਣੇ ਕੰਮ ਤੋ ਪੈਦਲ ਘਰ ਨੂੰ ਆ ਰਿਹਾ ਸੀ। ਜਦੋ ਉਹ ਨੈਸ਼ਨਲ ਹਾਈਵੇ ਅੰਬਾਲਾ ਚੰਡੀਗੜ੍ਹ ਰੋਡ ਨੇੜੇ ਹਲਦੀ ਰਾਮ, ਡੇਰਾਬੱਸੀ ਕੋਲ ਪੁੱਜਿਆ ਤਾਂ ਉਸ ਨੂੰ ਕਿਸੇ ਨਾ-ਮਾਲੂਮ ਵਹੀਕਲ ਦੇ ਨਾ-ਮਾਲੂਮ ਡਰਾਈਵਰ ਨੇ ਆਪਣੇ ਵਹੀਕਲ ਨੂੰ ਬੜ੍ਹੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਟੱਕਰ ਮਾਰੀ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਭਰਾ ਦੇ ਕਾਫੀ ਸੱਟਾਂ ਲੱਗੀਆ। ਜਿਸ ਨੂੰ ਰਾਹਗੀਰਾਂ ਨੇ ਇਲਾਜ ਲਈ ਜੀ ਐਮ ਹਸਪਤਾਲ ਸੈਕ:32, ਚੰਡੀਗੜ੍ਹ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਸ ਨਾ-ਮਾਲੂਮ ਵਹੀਕਲ ਤੇ ਡਰਾਈਵਰ ਖਿਲਾਫ ਮੁਕੱਦਮਾ ਦਰਜ ਕਰਵਾਇਆ। |

| | | | | |
|---|---|---|---|---|
| 10 | ਮੁਕੱਦਮਾ ਨੰ:372<br>ਮਿਤੀ:26-11-22<br>ਜੁਰਮ:365,<br>ਆਈ.ਪੀ.ਸੀ<br>ਥਾਣਾ ਡੇਰਾਬੱਸੀ | ਗੁੱਡੂ ਪੁੱਤਰ ਸ਼ੰਭੂ ਵਾਸੀ ਨੇੜੇ ਮਸਜਿਦ ਪੁੱਲ ਹੇਠਾ ਝੁੰਗੀਆ, ਡੇਰਾਬੱਸੀ<br>ਉਮਰ 36 ਸਾਲ | ਅਫਸਰ ਸ਼ਾਹ ਵਾਸੀ ਬਰੇਲੀ,<br>ਯੂ ਪੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 21-11-22 ਨੂੰ ਵਕਤ ਕਰੀਬ 03:30 ਪੀ ਐਮ ਦਾ ਹੋਵੇਗਾ ਮੇਰਾ ਛੋਟਾ ਲੜਕਾ ਚੰਦਨ ਜਿਸ ਦੀ ਉਮਰ ਕਰੀਬ 02 ਸਾਲ ਹੈ ਜੋ ਝੁੰਗੀ ਦੇ ਨੇੜੇ ਬਣੇ ਪਾਰਕ ਵਿੱਚ ਖੇਡ ਰਿਹਾ ਸੀ ਤੇ ਉਹ ਸ਼ਾਮ ਨੂੰ ਘਰ ਵਾਪਸ ਨਹੀ ਆਇਆ। ਜਿਸ ਦੀ ਮੈ ਆਪਣੇ ਤੌਰ ਤੇ ਕਾਫੀ ਭਾਲ ਕੀਤੀ ਪਰ ਉਹ ਨਹੀ ਮਿਲਿਆ। ਮੈਨੂੰ ਪੂਰਾ ਯਕੀਨ ਹੈ ਕਿ ਉਕਤ ਦੋਸ਼ੀ ਅਫਸਰ ਸ਼ਾਹ ਗੁਪਤ ਰੀਤੀ ਨਾਲ ਮੇਰੇ ਲੜਕੇ ਚੰਦਨ ਨੂੰ ਵਰਗਲਾ ਕੇ ਤੇ ਫੁਸਲਾ ਕੇ ਆਪਣੇ ਨਾਲ ਲੈ ਗਿਆ ਹੈ। ਜਿਸ ਤੇ ਹੁਣ ਮੈ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 11 | ਮੁਕੱਦਮਾ ਨੰ:180<br>ਮਿਤੀ:26-11-22<br>ਜੁਰਮ:279,304ਏ,<br>ਆਈ.ਪੀ.ਸੀ<br>ਥਾਣਾ ਲਾਲੜੂ | ਬਹਾਦਰ ਸਿੰਘ ਪੁੱਤਰ ਰਚਨਾ ਰਾਮ ਵਾਸੀ ਪਿੰਡ ਟਿਵਾਣਾ, ਥਾਣਾ ਲਾਲੜੂ<br>ਉਮਰ 32 ਸਾਲ<br>62392-84848 | ਗੁਰਮੇਲ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਟਿਵਾਣਾ, ਥਾਣਾ ਲਾਲੜੂ ਚਾਲਕ ਮੋਟਰ ਸਾਈਕਲ ਨੰ:ਪੀ ਬੀ-65ਕਿਊ-<br>6372 | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਕੱਲ ਮਿਤੀ 25-11-22 ਨੂੰ ਵਕਤ ਕਰੀਬ 07:30 ਪੀ ਐਮ ਦਾ ਹੋਵੇਗਾ ਮੇਰਾ ਲੜਕਾ ਗੁਰਜੀਤ ਸਿੰਘ ਜਿਸ ਦੀ ਉਮਰ ਕਰੀਬ 32 ਸਾਲ ਸੀ ਜੋ ਆਪਣੇ ਮੋਟਰ ਸਾਈਕਲ ਨੰ:ਪੀ ਬੀ-70ਜੀ-8542 ਵਿੱਚ ਘਰ ਤੋ ਸਰਸੀਣੀ ਪੈਟਰੋਲ ਪੰਪ ਤੇ ਤੇਲ ਪਵਾਉਂਣ ਲਈ ਜਾ ਰਿਹਾ ਸੀ। ਜਦੋ ਉਹ ਆਪਣੇ ਪਿੰਡ ਤੋ ਬਾਹਰ ਸੜਕ ਤੇ ਪੁੱਜਿਆ ਤਾਂ ਸਾਹਮਣੇ ਤੋ ਉਕਤ ਨੰਬਰੀ ਮੋਟਰ ਸਾਈਕਲ ਆ ਰਿਹਾ ਸੀ ਜਿਸ ਨੂੰ ਸਾਡੇ ਪਿੰਡ ਦਾ ਗੁਰਮੇਲ ਸਿੰਘ ਚੱਲਾ ਰਿਹਾ ਸੀ। ਜਿਸ ਨੇ ਆਪਣੇ ਮੋਟਰ ਸਾਈਕਲ ਨੂੰ ਬੜੀ ਤੇਜ ਰਫਤਾਰੀ ਅਤੇ ਲਾਪ੍ਰਵਾਹੀ ਨਾਲ ਲਿਆ ਕੇ ਮੇਰੇ ਲੜਕੇ ਦੇ ਮੋਟਰ ਸਾਈਕਲ ਵਿੱਚ ਮਾਰਿਆ ਤੇ ਮੌਕੇ ਤੋ ਫਰਾਰ ਹੋ ਗਿਆ। ਜਿਸ ਕਾਰਨ ਮੇਰੇ ਲੜਕੇ ਦੇ ਸਿਰ ਵਿੱਚ ਕਾਫੀ ਸੱਟਾਂ ਲੱਗੀਆ। ਜਿਸ ਨੂੰ ਮੈ ਇਲਾਜ ਲਈ ਸਿਵਲ ਹਸਪਤਾਲ ਡੇਰਾਬੱਸੀ ਵਿਖੇ ਦਾਖਲ ਕਰਵਾਇਆ। ਜਿੱਥੇ ਉਸ ਦੀ ਦੌਰਾਨੇ ਇਲਾਜ ਮੌਤ ਹੋ ਗਈ। ਬਾਅਦ ਵਿੱਚ ਮੈ ਉਕਤ ਨੰਬਰੀ ਮੋਟਰ ਸਾਈਕਲ ਦੇ ਉਕਤ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 12 | ਮੁਕੱਦਮਾ ਨੰ:181<br>ਮਿਤੀ:26-11-22<br>ਜੁਰਮ:379,<br>ਆਈ.ਪੀ.ਸੀ<br>ਥਾਣਾ ਲਾਲੜੂ | ਸੁਖਚੈਨ ਸਿੰਘ ਪੁੱਤਰ ਰਾਜ ਕੁਮਾਰ ਵਾਸੀ ਵਾਰਡ ਨੰ:04, ਸਰਦਾਰਪੁਰਾ ਕਲੋਨੋ, ਲਾਲੜੂ ਮੰਡੀ, ਥਾਣਾ ਲਾਲੜੂ<br>ਉਮਰ 40 ਸਾਲ<br>89682-40647 | ਨਾ-ਮਾਲੂਮ ਵਿਅਕਤੀ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 15-09-22 ਨੂੰ ਲਾਲੜੂ ਮੰਡੀ ਤੋ ਕੋਈ ਨਾ-ਮਾਲੂਮ ਵਿਅਕਤੀ ਮੇਰਾ ਮੋਟਰ ਸਾਈਕਲ ਨੰ:ਪੀ ਬੀ-70ਡੀ-2001 ਮਾਰਕਾ ਹੀਰੋ ਗਲੈਮਰ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈ ਹੁਣ ਤੱਕ ਆਪਣੇ ਤੌਰ ਤੇ ਭਾਲ ਕਰਦਾ ਰਿਹਾ ਪਰ ਨਹੀ ਮਿਲਿਆ। ਹੁਣ ਮੈਨੂੰ ਪਤਾ ਲੱਗਾ ਕਿ ਸੁਨੀਲ ਕੁਮਾਰ ਪੁੱਤਰ ਨੱਥੂ ਰਾਮ ਵਾਸੀ ਵਾਰਡ ਨੰ:08, ਨੇੜੇ ਗੁਰਦੁਆਰਾ ਸਾਹਿਬ ਸਰਦਾਰਪੁਰਾ ਕਲੋਨੀ, ਲਾਲੜੂ ਮੰਡੀ ਦੇ ਮੋਟਰ ਸਾਈਕਲ ਨੰ:ਪੀ ਬੀ-65ਐਫ-9541 ਮਾਰਕਾ ਟੀ ਵੀ ਐਸ ਸਟਾਰ ਸਿਟੀ ਨੂੰ ਵੀ ਕੋਈ ਨਾ-ਮਾਲੂਮ ਵਿਅਕਤੀ ਲਾਲੜੂ ਮੰਡੀ ਤੋ ਚੋਰੀ ਕਰਕੇ ਲੈ ਗਿਆ ਹੈ। ਜਿਸ ਤੇ ਹੁਣ ਮੈ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 13 | ਮੁਕੱਦਮਾ ਨੰ:85<br>ਮਿਤੀ:26-11-22<br>ਜੁਰਮ:21-61-85,<br>ਐਨ.ਡੀ.ਪੀ.ਐਸ ਐਕਟ<br>ਥਾਣਾ ਹੰਡੇਸਰਾਂ | ਸ:ਥ:ਉਮ ਪ੍ਰਕਾਸ਼<br>94784-89585 | ਅਵਿਨਾਸ਼ ਸਿੰਘ ਪੁੱਤਰ ਲੇਟ ਸ਼੍ਰੀ ਦੁਰਗਾ ਸਿੰਘ ਵਾਸੀ ਪਿੰਡ ਚਗਾਉ, ਥਾਣਾ ਟਾਪਰੀ, ਜਿਲ੍ਹਾ ਕਿਨੌਰ, ਹਿਮਾਚਲ ਪ੍ਰਦੇਸ਼ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਨੱਗਲਾ ਮੌੜ, ਹੰਡੇਸਰਾਂ ਵਿਖੇ ਮੌਜੂਦ ਸੀ। ਤਾਂ ਉਕਤ ਦੋਸ਼ੀ ਅੰਬਾਲਾ ਸਾਈਡ ਤੋ ਪੈਦਲ ਆਉਂਦਾ ਦਿਖਾਈ ਦਿੱਤਾ। ਜੋ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ ਤੇ ਪਿੱਛੇ ਮੁੜਨ ਲੱਗਾ ਜਿਸ ਨੂੰ ਮਨ ਸ:ਥ: ਨੇ ਪੁਲਿਸ ਪਾਰਟੋ ਦੀ ਮਦਦ ਨਾਲ ਕਾਬੂ ਕੀਤਾ। ਜਿਸ ਦੀ ਸ਼ੱਕ ਦੀ ਬਿਨਾਹ ਤੇ ਤਲਾਸ਼ੀ ਲਈ ਗਈ। ਜਿਸ ਪਾਸੋ 20 ਗ੍ਰਾਮ ਹੈਰੋਇੰਨ ਬਰਾਮਦ ਹੋਈ। ਬਾਅਦ ਵਿੱਚ ਉਕਤ ਦੋਸ਼ੀ ਨੂੰ ਸ:ਥ:ਸੁਲੱਖਣ ਸਿੰਘ ਦੇ ਹਵਾਲੇ ਕੀਤਾ ਗਿਆ ਤੇ ਉਕਤ ਦੋਸ਼ੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |